BANK OF CANADA

ਤੁਰੰਤ ਜਾਰੀ ਕੀਤੇ ਜਾਣ ਲਈ
12 ਅਗਸਤ 2004

ਸੰਪਰਕ: ਐਨੀ ਪੋਰਟੀਲਾਂਸ
(613) 782-8782

# ਕੈਨੇਡਾ ਦੇ 20 ਡਾਲਰ ਦੇ ਨਵੇਂ ਨੋਟ ਦੀ ਘੁੰਡ-ਚੁਕਾਈ 25 ਅਗਸਤ ਨੂੰ

**ਆਟਵਾ**—ਕੈਨੇਡਾ ਦੇ 20 ਡਾਲਰ ਦੇ ਨਵੇਂ ਨੋਟ ਦੀ ਘੁੰਡ-ਚੁਕਾਈ ਬੁੱਧਵਾਰ, 25 ਅਗਸਤ 2004, ਨੂੰ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ, ਵਿਖੇ ਹੋਵੇਗੀ। ਇਹ 20 ਡਾਲਰ ਦਾ ਨਵਾਂ ਨੋਟ ਕੈਨੇਡਾ ਦੀਆਂ ਕਲਾਵਾਂ ਅਤੇ ਸੱਭਿਆਚਾਰ ਦੇ ਜਸ਼ਨ ਮਨਾਉਂਦਾ ਹੈ ਅਤੇ ਬਿਲ ਰੀਡ, ਜੋ ਕੈਨੇਡਾ ਦੇ ਸਭ ਤੋਂ ਮਾਹਿਰ ਕਲਾਕਾਰਾਂ ਵਿੱਚੋਂ ਇੱਕ ਹਨ, ਦੀਆਂ ਕਿਰਤਾਂ ਦਰਸਾਉਂਦਾ ਹੈ।

ਉਦਘਾਟਨੀ ਸਮਾਰੋਹ ਵਿੱਚ ਪਾਲ ਜੈਨਕਿੰਜ਼, ਬੈਂਕ ਆਫ਼ ਕੈਨੇਡਾ ਦੇ ਸੀਨੀਅਰ ਡਿਪਟੀ ਗਵਰਨਰ, ਤਕਰੀਰ ਕਰਨਗੇ। ਉਨ੍ਹਾਂ ਦੀ ਸਹਾਇਤਾ ਮਾਣਯੋਗ ਸ੍ਰੀ ਜਾਨ੍ਹ ਮੈਕਾਲਮ, ਮਨਿਸਟਰ ਆਫ਼ ਨੈਸ਼ਨਲ ਰੈਵਿਨਿਊ, (ਵਿਡੀਓਟੇਪ ਰਾਹੀਂ), ਸਵਰਗੀ ਬਿਲ ਰੀਡ ਦੀ ਧਰਮਪਤਨੀ ਡਾ. ਮਾਰਟੀਨ ਰੀਡ, ਪੁਸ਼ਤੈਨੀ ਹਾਇਦਾ ਮੁਖੀ ਅਤੇ ਕਲਾਕਾਰ ਜਿਮ ਹਾਟਰ, ਬੈਂਕ ਆਫ਼ ਕੈਨੇਡਾ ਦੇ ਬੋਰਡ ਆਫ਼ ਡਾਇਰੈਕਟਰਜ਼ ਦੀ ਮੈਂਬਰ ਬਾਰਬਰਾ ਹਿਸਲਪ ਕਰਨਗੇ। ਇਸ ਦੇ ਵਿਸ਼ੇ ਨੂੰ ਉਜਾਗਰ ਕਰਨ ਵਿੱਚ ਸਹਾਇਤਾ ਕਰਨ ਲਈ ਕਈ ਉੱਭਰ ਰਹੇ ਕੈਨੇਡੀਅਨ ਕਲਾਕਾਰ ਘੁੰਡ-ਚੁਕਾਈ ਦੀ ਰਸਮ ਵੇਲੇ ਆਪਣੀ ਕਲਾ ਦਾ ਮੁਜ਼ਾਹਰਾ ਕਰਨਗੇ।

ਇਸ 20 ਡਾਲਰ ਦੇ ਨਵੇਂ ਨੋਟ ਵਿੱਚ ਵਧਾ ਕੇ ਪਾਏ ਗਏ ਸੁਰੱਖਿਆ ਗੁਣ ਹਨ ਅਤੇ ਇਸ ਨੂੰ ਬੁੱਧਵਾਰ, 29 ਸਤੰਬਰ 2004, ਨੂੰ ਜਾਰੀ ਕਰ ਦਿੱਤਾ ਜਾਵੇਗਾ।

ਘੁੰਡ-ਚੁਕਾਈ ਕੀਤੇ ਜਾਣ ਤੋਂ ਬਾਅਦ ਬੈਂਕ ਨੋਟ ਵਿਚ ਵਧਾ ਕੇ ਪਾਏ ਗਏ ਸੁਰੱਖਿਆ ਗੁਣਾਂ ਦੀ ਮੀਡੀਆ ਲਈ ਤਕਨੀਕੀ ਵਿਆਖਿਆ ਵੀ ਕੀਤੀ ਜਾਵੇਗੀ।

## ਕੌਮੀ ਸਮਾਗਮ

**ਤਾਰੀਖ਼:** ਬੁੱਧਵਾਰ, 25 ਅਗਸਤ 2004

**ਸਮਾਂ:** 10 ਵਜੇ ਸਵੇਰ (ਪੀ.ਡੀ.ਟੀ.) – ਘੁੰਡ-ਚੁਕਾਈ

**ਸਥਾਨ:** ਵੈਨਕੂਵਰ ਪਲੇਅਹਾਉਸ ਥਿਏਟਰ
ਹੈਮਿਲਟਰਨ ਸਟ੍ਰੀਟ ਐਟ ਡੰਨਜ਼ਮੁਇਰ ਸਟ੍ਰੀਟ
ਵੈਨਕੂਵਰ, ਬੀ.ਸੀ.

**ਸੰਪਰਕ:** ਲਾਉਰੀ ਕਿਜ਼ਿਕ (604) 647-2985

## ਖੇਤਰੀ ਸਮਾਗਮ

ਹੇਠ ਦੱਸੇ ਸਥਾਨਾਂ ਅਤੇ ਸਮਿਆਂ ਮੁਤਾਬਕ ਘੁੰਡ-ਚੁਕਾਈ ਦੀਆਂ ਖੇਤਰੀ ਰਸਮਾਂ ਅਤੇ ਮੀਡੀਆ ਲਈ ਜਾਣਕਾਰੀ ਦੇ ਸੈਸ਼ਨ ਹੈਲੀਫੈਕਸ, ਮੌਂਟਰੀਅਲ, ਆਟਵਾ, ਟੋਰੰਟੋ ਅਤੇ ਰਿਜਾਈਨਾ ਵਿਖੇ ਕੀਤੇ ਜਾਣਗੇ। ਖੇਤਰੀ ਸਮਾਗਮਾਂ ਦੀ ਮੇਜ਼ਬਾਨੀ ਬੈਂਕ ਆਫ਼ ਕੈਨੇਡਾ ਦੇ ਅਧਿਕਾਰੀਆਂ ਦੁਆਰਾ ਅਮਨ-ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ, ਵਿੱਤੀ ਸੰਸਥਾਵਾਂ, ਅਤੇ ਪਰਚੂਨ ਉਦਯੋਗ ਦੇ ਨੁਮਾਇੰਦਿਆਂ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ।

**ਹੈਲੀਫੈਕਸ**
ਲਾਰਡ ਨੈਲਸਨ ਹੋਟਲ
1515 ਸਾਊਥ ਪਾਰਕ ਸਟ੍ਰੀਟ
ਐਡਮਿਰਲ ਰੂਮ

2 ਵਜੇ ਬਾਅਦ ਦੁਪਹਿਰ (ਏ.ਡੀ.ਟੀ.) – ਘੁੰਡ-ਚੁਕਾਈ
2:30 ਵਜੇ ਤੋਂ 3 ਵਜੇ ਬਾਅਦ ਦੁਪਹਿਰ (ਏ.ਡੀ.ਟੀ.) ਸਵਾਲ-ਜਵਾਬ ਅਤੇ ਅਲਹਿਦਾ ਮੁਲਾਕਾਤਾਂ ਲਈ ਅਧਿਕਾਰੀਆਂ ਦੀ ਉਪਲਬਧਗੀ
ਸੰਪਰਕ: ਮੇਰੀ-ਫਰਾਂਸ ਲੈਬਲਾਂਕ (902) 430-6619

**ਮੌਂਟਰੀਅਲ**
ਫੇਅਰਮੌਂਟ ਦ ਕੁਈਨ ਐਲਿਜ਼ਾਬੇਥ ਹੋਟਲ
900 ਰੇਨੇ ਲਾਵੇਸਕ ਬੁਲੇਵਾਰਡ ਵੈਸਟ
ਪੈਰੀਬੌਂਕਾ ਰੂਮ

1 ਵਜੇ ਬਾਅਦ ਦੁਪਹਿਰ (ਈ.ਡੀ.ਟੀ.) – ਘੁੰਡ-ਚੁਕਾਈ
1:30 ਵਜੇ ਤੋਂ 2 ਵਜੇ ਬਾਅਦ ਦੁਪਹਿਰ (ਈ.ਡੀ.ਟੀ.) – ਸਵਾਲ-ਜਵਾਬ ਅਤੇ ਅਲਹਿਦਾ ਮੁਲਾਕਾਤਾਂ ਲਈ ਅਧਿਕਾਰੀਆਂ ਦੀ ਉਪਲਬਧਗੀ
ਸੰਪਰਕ: ਯਾਨਿਕ ਡਿਸ਼ਾਨਿਜ਼ (514) 985-8267

**ਆਟਵਾ**
ਬੈਂਕ ਆਫ਼ ਕੈਨੇਡਾ ਹੈਡ ਆਫ਼ਿਸ
234 ਵੈਲਿੰਗਟਨ ਸਟ੍ਰੀਟ
ਗਾਰਡਨ ਕੋਰਟ

1 ਬਾਅਦ ਦੁਪਹਿਰ (ਈ.ਡੀ.ਟੀ.) – ਘੁੰਡ-ਚੁਕਾਈ
1:30 ਵਜੇ ਤੋਂ 2 ਵਜੇ ਬਾਅਦ ਦੁਪਹਿਰ (ਈ.ਡੀ.ਟੀ.) – ਸਵਾਲ-ਜਵਾਬ ਅਤੇ ਅਲਹਿਦਾ ਮੁਲਾਕਾਤਾਂ ਲਈ ਅਧਿਕਾਰੀਆਂ ਦੀ ਉਪਲਬਧਗੀ
ਸੰਪਰਕ: ਜਿਨੈਟ ਕਰਿਊ (613) 782-7461

**ਟੋਰੰਟੋ**
ਦ ਟੋਰੰਟੋ ਬੋਰਡ ਆਫ਼ ਟਰੇਡ
77 ਐਡੀਲੇਡ ਸਟ੍ਰੀਟ ਈਸਟ, ਚੌਥੀ ਮੰਜ਼ਲ
ਕਮਰਾ ਨੰਬਰ ਏ/ ਬੀ

1 ਬਾਅਦ ਦੁਪਹਿਰ (ਈ.ਡੀ.ਟੀ.) – ਘੁੰਡ-ਚੁਕਾਈ
1:30 ਵਜੇ ਤੋਂ 2 ਵਜੇ ਬਾਅਦ ਦੁਪਹਿਰ (ਈ.ਡੀ.ਟੀ.) – ਸਵਾਲ-ਜਵਾਬ ਅਤੇ ਅਲਹਿਦਾ ਮੁਲਾਕਾਤਾਂ ਲਈ ਅਧਿਕਾਰੀਆਂ ਦੀ ਉਪਲਬਧਗੀ
ਸੰਪਰਕ: ਕੇਟੀ ਕਲਾਰਕ (416) 934-8409

**ਰਿਜਾਈਨਾ**
ਡੈਲਟਾ ਹੋਟਲ ਰਿਜਾਈਨਾ
1919 ਸਸਕੈਚੁਆਨ ਡਰਾਈਵ
ਕੈਂਪੇਨੀਆ ਏ ਰੂਮ

11 ਵਜੇ ਸਵੇਰ (ਸੀ.ਐੱਸ.ਟੀ.) – ਘੁੰਡ-ਚੁਕਾਈ
11:30 ਵਜੇ ਸਵੇਰ ਤੋਂ 12 ਵਜੇ ਦੁਪਹਿਰ (ਸੀ.ਐੱਸ.ਟੀ.) – ਸਵਾਲ-ਜਵਾਬ ਅਤੇ ਅਲਹਿਦਾ ਮੁਲਾਕਾਤਾਂ ਲਈ ਅਧਿਕਾਰੀਆਂ ਦੀ ਉਪਲਬਧਗੀ
ਸੰਪਰਕ: ਏਅਲੀ ਸੋਮਰਵਿਲ (778) 839-2967